# ਕੋਵਿਡ-19 ਦੇ ਟੈਸਟ ਬਾਰੇ ਤੁਹਾਨੂੰ ਕੀ ਕੁਝ ਪਤਾ ਹੋਣਾ ਚਾਹੀਦਾ ਹੈ

## 1 ਟੈਸਟ ਕਿਵੇਂ ਕੀਤਾ ਜਾਵੇਗਾ?

ਜਿਹੜੇ ਲੋਕ ਟੈਸਟ ਕਰਾਉਣਾ ਚਾਹੁੰਦੇ ਹਨ, ਉਹ ਪਹਿਲਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਦੇ ਨਾਲ ਸੰਪਰਕ ਕਰਨ। ਇਸ ਸਮੇਂ, ਉਹਨਾਂ ਲੋਕਾਂ ਨੂੰ ਟੈਸਟ ਲਈ ਤਰਜੀਹ ਦਿੱਤੀ ਜਾਂਦੀ ਹੈ, ਜਿੰਨ੍ਹਾਂ ਵਿੱਚ ਕੋਵਿਡ-19 ਦੇ ਲੱਛਣ ਦਿਸਣ, ਜਿਵੇਂ ਕਿ ਬੁਖਾਰ, ਖੰਘ, ਜਾਂ ਸਾਹ ਦੀ ਥੋੜ।



### ਪ੍ਰਦਾਤਾ ਨਾਲ ਮੁਲਾਕਾਤ ਕਰੋ

ਪ੍ਰਦਾਤਾ ਵੱਲੋਂ ਲੋਕਾਂ ਵਿੱਚ ਕੋਵਿਡ-19 ਦੇ ਲੱਛਣਾਂ (ਬੁਖਾਰ, ਖੰਘ, ਸਾਹ ਦੀ ਥੋੜ) ਦਾ ਜਾਇਜ਼ਾ ਮੁਲਾਕਾਤ ਕਰ ਕੇ ਜਾਂ ਫਿਰ ਫੋਨ ਰਾਹੀਂ ਲਿੱਤਾ ਜਾਂਦਾ ਹੇ।
Washington State Department of Health (ਵਾਸ਼ਿੰਗਟਨ ਰਾਜ ਦੇ ਸਿਹਤ ਵਿਭਾਗ) ਦੀਆਂ ਟੈਸਟਿੰਗ ਸੰਬੰਧੀ ਸੇਧਾਂ ਦੇ ਅਧਾਰ ‘ਤੇ, ਸਿਹਤ ਦੇਖਭਾਲ ਪ੍ਰਦਾਤਾ ਇਹ ਨਿਰਧਾਰਿਤ ਕਰਦਾ ਹੈ ਕਿ ਟੈਸਟ ਕਰਨਾ ਜ਼ਰੂਰੀ ਹੈ ਜਾਂ ਨਹੀਂ।

### ਨੱਕ ਰਾਹੀਂ ਰੂੰ ਦਾ ਫੰਬਾ ਲਿੱਤਾ ਜਾਂਦਾ ਹੈ

ਜੇਕਰ ਪ੍ਰਦਾਤਾ ਵੱਲੋਂ ਨਿਰਧਾਰਿਤ ਕੀਤਾ ਜਾਂਦਾ ਹੈ ਕਿ ਕੋਵਿਡ-19 ਦਾ ਟੈਸਟ ਕਰਨ ਦੀ ਲੋੜ ਹੈ, ਤਾਂ ਪ੍ਰਦਾਤਾ ਨੱਕ ਵਿੱਚੋਂ ਰੂੰ ਦਾ ਫੰਬਾ ਲਵੇਗਾ ਜਾਂ ਫਿਰ ਮਰੀਜ਼ ਨੂੰ ਦੱਸੇਗਾ ਕਿ ਆਪਣੇ-ਆਪ ਫੰਬਾ ਕਿਵੇਂ ਲੈਣਾ ਹੈ।





### ਫੰਬਾ ਲੈਬਾਂ ਵਿੱਚ ਭੇਜਿਆ ਜਾਂਦਾ ਹੈ

ਫੰਬੇ ਸਮੇਤ ਟੈਸਟਿੰਗ ਕਿਟ ਨੂੰ ਫਿਰ ਜਾਂਚ ਲਈ ਲੈਬ ਵਿੱਚ ਭੇਜ ਦਿੱਤਾ ਜਾਂਦਾ ਹੈ।



### ਲੈਬ ਦਾ ਨਤੀਜਾ ਮਰੀਜ਼ ਨੂੰ ਦਿੱਤਾ ਜਾਂਦਾ ਹੈ

ਜੇਕਰ ਟੈਸਟ ਦਾ ਨਤੀਜਾ ਪਾਜ਼ਿਟਿਵ ਆਵੇ, ਤਾਂ ਟੈਸਟ ਦੇ ਨਤੀਜੇ Public Health — Seattle & King County (ਪਬਲਿਕ ਹੈਲਥ – ਸੀਐਟਲ ਅਤੇ ਕਿੰਗ ਕਾਉਂਟੀ) ਨੂੰ ਰਿਪੋਰਟ ਕੀਤੇ ਜਾਂਦੇ ਹਨ।

## 2

# ਮੈਂ ਟੈਸਟ ਕਿਵੇਂ ਕਰਾਵਾਂ?

ਪਹਿਲੀ ਗੱਲ ਇਹ, ਕਿ ਟੈਸਟ ਦੀ ਸਿਫਾਰਿਸ਼ ਸਿਰਫ ਉਹਨਾਂ ਲੋਕਾਂ ਨੂੰ ਕੀਤੀ ਜਾਂਦੀ ਹੈ ਜਿੰਨ੍ਹਾਂ ਵਿੱਚ ਕੋਵਿਡ-19 ਦੇ ਲੱਛਣ ਦਿਖਾਈ ਦੇਣ। ਜੇਕਰ ਤੁਸੀਂ ਕੋਵਿਡ-19 ਦੇ ਲੱਛਣ ਮਹਿਸੂਸ ਕਰ ਰਹੇ ਹੋ, ਤਾਂ ਤੁਸੀਂ ਟੈਸਟ ਕਿਵੇਂ ਕਰਵਾਓਗੇ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕੌਣ ਹੋ। ਤਰਜੀਹੀ ਸਮੂਹ, ਜਿਵੇਂ ਕਿ ਪ੍ਰਥਮ ਸਹਾਇਤਾ ਕਰਮਚਾਰੀ, ਸਿਹਤ ਦੇਖਭਾਲ ਕਰਮਚਾਰੀ, ਅਤੇ ਇਕੱਠ ਵਾਲੇ ਚੁਗਿਰਦਿਆਂ, ਜਿਵੇਂ ਕਿ ਪਨਾਹ-ਸਥਾਨ ਅਤੇ ਲੰਬੇ ਸਮੇਂ ਦੀਆਂ ਦੇਖਭਾਲ ਸਹੂਲਤਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਆਮ ਲੋਕਾਂ ਨਾਲੋਂ ਟੈਸਟ ਕਰਵਾਉਣ ਦੇ ਵੱਖਰੇ ਮਾਰਗ ਹਨ ਕਿਉਂਕਿ ਉਹਨਾਂ ਵਿੱਚ ਬਿਮਾਰੀ ਪਾਏ ਜਾਣ ਦਾ ਖਤਰਾ ਵੱਧ ਹੈ।

### ਪ੍ਰਥਮ ਸਹਾਇਤਾ ਕਰਮਚਾਰੀ

ਪ੍ਰਥਮ ਸਹਾਇਤਾ ਕਰਮਚਾਰੀਆਂ, ਜਿਵੇਂ ਕਿ ਪੁਲਿਸ ਅਫ਼ਸਰਾਂ ਅਤੇ ਐਮਰਜੈਂਸੀ ਮੈਡੀਕਲ ਸੇਵਾ ਕਰਮਚਾਰੀਆਂ ਨੂੰ ਜੇਕਰ ਕੋਵਿਡ-19 ਦੇ ਲੱਛਣ ਮਹਿਸੂਸ ਹੁੰਦੇ ਹਨ, ਤਾਂ ਉਹਨਾਂ ਨੂੰ ਆਪਣੇ ਸਿਹਤ ਅਧਿਕਾਰੀ ਨਾਲ ਗੱਲ ਕਰਨੀ ਚਾਹੀਦੀ ਹੈ। ਤੁਰੰਤ ਟੈਸਟ ਕੀਤੇ ਜਾਣ ਲਈ ਖਾਸ ਬੰਦੋਬਸਤ ਕੀਤੇ ਜਾਣਗੇ ਤਾਂ ਜੋ ਪ੍ਰਥਮ ਸਹਾਇਤਾ ਕਰਮਚਾਰੀ ਜਲਦ ਤੋਂ ਜਲਦ ਕੰਮ 'ਤੇ ਵਾਪਸ ਜਾ ਸਕਣ।





### ਸਿਹਤ ਦੇਖਭਾਲ ਕਰਮਚਾਰੀ

ਜੇਕਰ ਸਿਹਤ ਦੇਖਭਾਲ ਕਰਮਚਾਰੀਆਂ ਨੂੰ ਕੋਵਿਡ-19 ਦੇ ਲੱਛਣ ਮਹਿਸੂਸ ਹੋਣ, ਤਾਂ ਉਹਨਾਂ ਨੂੰ ਕਰਮਚਾਰੀ ਸਿਹਤ ਸੇਵਾਵਾਂ ਜਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਦੇ ਨਾਲ ਗੱਲ ਕਰਨੀ ਚਾਹੀਦੀ ਹੈ, ਜੋ ਉਹਨਾਂ ਲਈ ਟੈਸਟਿੰਗ ਉਪਲਬਧ ਕਰਾਉਣਗੇ।

### ਇਕੱਠ ਵਾਲੇ ਚੁਗਿਰਦਿਆਂ ਵਿੱਚ ਰਹਿਣ ਜਾਂ ਕੰਮ ਕਰਨ ਵਾਲੇ ਲੋਕ

ਉੱਚ-ਜੋਖਮ ਦੇ ਇਕੱਠ ਵਾਲੇ ਚੁਗਿਰਦਿਆਂ, ਜਿਵੇਂ ਕਿ ਲੰਬੇ ਸਮੇਂ ਦੀਆਂ ਦੇਖਭਾਲ ਸਹੂਲਤਾਂ ਜਾਂ ਬੇਘਰ ਸੇਵਾਵਾਂ ਵਿੱਚ ਰਹਿਣ ਜਾਂ ਕੰਮ ਕਰਨ ਵਾਲੇ ਲੋਕਾਂ ਲਈ ਸਮਰਪਿਤ ਸਿਹਤ ਸੇਵਾਵਾਂ ਉਪਲਬਧ ਹਨ ਜੋ ਕਿ ਕੋਵਿਡ-19 ਦੇ ਲੱਛਣਾਂ ਤੋਂ ਪੀੜਤ ਲੋਕਾਂ ਦੀ ਸੁਰੱਖਿਅਤ ਟੈਸਟਿੰਗ ਅਤੇ ਸਹਾਇਤਾ ਤਾਈਂ ਪਹੁੰਚ ਕਰਾਉਣ ਵਿੱਚ ਮਦਦ ਕਰ ਸਕਦੀਆਂ ਹਨ।





### ਬਿਮਾਰ ਲੋਕ

ਜੇਕਰ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਸਮੂਹ ਵਿੱਚ ਨਹੀਂ ਆਉਂਦੇ ਅਤੇ ਤੁਸੀਂ ਕੋਵਿਡ-19 ਦੇ ਲੱਛਣ ਮਹਿਸੂਸ ਕਰ ਰਹੇ ਹੋ, ਤਾਂ ਕਿਰਪਾ ਕਰਕੇ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਕਾਲ ਕਰੋ। ਭਾਵੇਂ ਹੀ ਤੁਹਾਡਾ ਸਿਹਤ ਦੇਖਭਾਲ ਪ੍ਰਦਾਤਾ ਟੈਸਟ ਨਾ ਕਰ ਰਿਹਾ ਹੋਵੇ, ਪਰ ਉਹ ਤੁਹਾਡੇ ਨਾਲ ਤੁਹਾਡੇ ਲੱਛਣਾਂ ਬਾਰੇ ਗੱਲਬਾਤ ਕਰ ਸਕਦਾ ਹੈ ਅਤੇ ਤੁਹਾਨੂੰ ਟੈਸਟਿੰਗ ਅਤੇ ਦੇਖਭਾਲ ਮੁਹੱਈਆ ਕਰਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

ਇਹ ਜਾਣਕਾਰੀ-ਪਰਚਾ 7 ਅਪ੍ਰੈਲ, 2020 ਨੂੰ ਤਿਆਰ ਕੀਤਾ ਗਿਆ ਸੀ। ਜਾਣਕਾਰੀ ਬਦਲਾਅ ਦੇ ਅਧੀਨ ਹੈ। ਵਧੇਰੀ ਜਾਣਕਾਰੀ ਲਈ, ਸਾਡੇ ਕੋਵਿਡ ਵੈੱਬਪੇਜ 'ਤੇ ਜਾਓ: www.kingcounty.gov/covid."

ਜੇਕਰ ਤੁਹਾਡੇ ਕੋਵਿਡ-19 ਦੇ ਬਾਰੇ ਕੋਈ ਸਵਾਲ ਹਨ, ਤਾਂ King County Coronavirus Call Center ਦੇ ਲਈ ਦੁਭਾਸ਼ੀਏ ਉਪਲਬਧ ਹਨ। ਦੁਭਾਸ਼ੀਏ ਦੀ ਮੰਗ ਕਰਨ ਲਈ, 206-477-3977 'ਤੇ ਕਾਲ ਕਰੋ।

Public Health
Seattle & King County